## ਜਾੱਬਸੀਕਰਸ ਦਾ ਪੰਨਾ:

## ਨੌਕਰੀ ਲੱਭਣ 'ਚ ਤੁਹਾਡੀ ਮਦਦ ਕਰਨਾ

ਜੇਕਰ ਤੁਸੀਂ ਬੇਰੁਜ਼ਗਾਰ ਹੋ ਅਤੇ ਕੰਮ ਦੀ ਸ਼ੁਰੂਆਤ ਕਰਨਾ ਜਾਂ ਉਸ 'ਤੇ ਵਾਪਸ ਜਾਣਾ ਚਾਹੁੰਦੇ ਹੋ, ਤਾਂ ਸਟੈੱਪਸ ਟੂ ਵਰਕ ਤੁਹਾਨੂੰ ਕੰਮ ਲਈ ਤਿਆਰੀ ਕਰਨ ਅਤੇ ਤੁਹਾਡੀਆਂ ਮੁਹਾਰਤਾਂ ਅਤੇ ਖਿਮਤਾਵਾਂ ਦਾ ਵੱਧ ਤੋਂ ਵੱਧ ਫ਼ਾਇਦਾ ਚੁੱਕਣ 'ਚ ਤੁਹਾਡੀ ਮਦਦ ਕਰ ਸਕਦਾ ਹੈ। ਅਸੀਂ ਸਮਝਦੇ ਹਾਂ ਕਿ ਤੁਹਾਨੂੰ ਨੌਕਰੀ ਲੱਭਣ ਅਤੇ ਤੁਹਾਨੂੰ ਕੰਮ 'ਤੇ ਵਾਪਸ ਜਾਣ ਤੋਂ ਰੋਕਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਸਹਾਇਤਾ ਦੀ ਲੋੜ ਹੋ ਸਕਦੀ ਹੈ।

ਸਾਡਾ ਲਕਸ਼ ਹੇਠ ਦਿੱਤੇ ਕਦਮਾਂ ਰਾਹੀਂ ਤੁਹਾਨੂੰ ਨੌਕਰੀ ਲਈ ਵਧੇਰੇ ਤੌਰ 'ਤੇ ਤਿਆਰ ਕਰਨ ਅਤੇ ਆਪਣੀ ਖਿਮਤਾ ਦਾ ਉਪਯੋਗ ਕਰਨ 'ਚ ਤੁਹਾਡੀ ਮਦਦ ਕਰਨਾ ਹੈ:

- ਨੌਕਰੀਆਂ, ਪੇਸ਼ੇਆਂ ਅਤੇ ਮੁਹਾਰਤਾਂ ਬਾਰੇ ਸਲਾਹ ਅਤੇ ਮਾਰਗਰਦਸ਼ਨ
- ਆਤਮਵਿਸ਼ਵਾਸ ਪੈਦਾ ਕਰਨਾ ਅਤੇ ਵਿਅਕਤਕ ਸਹਾਇਤਾ
- ਸੀ.ਵੀ. ਬਣਾਉਣ, ਇੰਟਰਵਿਊ ਤਕਨੀਕਾਂ ਅਤੇ ਨੌਕਰੀਆਂ ਲਈ ਅਰਜ਼ੀਆਂ ਦੇਣ ਸਮੇਤ ਨੌਕਰੀਆਂ ਤਕ ਪਹੁੰਚ ਸਬੰਧੀ ਸਹਾਇਤਾ
- ਜੇਕਰ ਤੁਹਾਨੂੰ ਲੋੜ ਹੋਵੇ, ਤਾਂ ਵਾਚਣ, ਲੇਖਣ ਅਤੇ ਗਣਿਤ 'ਚ ਮਦਦ
- ਰੁਜ਼ਗਾਰ-ਪੂਰਵ ਪਰਸ਼ਿੱਕਸ਼ਣ ਅਤੇ ਵਿਵਸਾਇਕ ਮੁਹਾਰਤਾਂ ਸਬੰਧੀ ਕਾਰਜਕ੍ਰਮ
- ਨੌਕਰੀ ਸਬੰਧੀ ਪਰਸ਼ਿੱਕਸ਼ਣ ਅਤੇ ਕਾਰਜੀ ਤਜਰਬੇ ਦੇ ਮੌਕੇ
- ਕੰਮ ਸਬੰਧੀ ਖਰਚਿਆਂ, ਜਿਵੇਂ ਬੱਚਿਆਂ ਦੀ ਦੇਖਭਾਲ, ਯਾਤਾਯਾਤ ਅਤੇ ਕਪੜਿਆਂ, ਨਾਲ ਮਦਦ
- ਕੰਮ 'ਤੇ ਵਾਪਸੀ ਸਬੰਧੀ ਬੋਨਸ ਅਤੇ ਹੋਰ ਬਹੁਤ ਕੁਝ। . .

### ਇਹ ਕਿੰਜ ਕੰਮ ਕਰਦਾ ਹੈ:

ਸਟੈੱਪਸ ਟੂ ਵਰਕ 'ਚ ਤੁਹਾਡੇ ਸ਼ਾਮਲ ਹੋਣ 'ਤੇ, ਤੁਹਾਡੇ ਲਈ ਉੱਚਿਤ ਨੌਕਰੀਆਂ ਲੱਭਣ 'ਚ ਤੁਹਾਡੀ ਮਦਦ ਕਰਨ ਲਈ ਸਲਾਹ ਅਤੇ ਸਹਾਇਤਾ ਮੁਹੱਈਆ ਕਰਦੇ ਹੋਏ, ਸਾਡਾ ਇਕ ਨਿੱਜੀ ਸਲਾਹਕਾਰ ਵਿਅਕਤਕ ਤੌਰ 'ਤੇ ਤੁਹਾਡੇ ਨਾਲ ਕੰਮ ਕਰੇਗਾ। ਅਸੀਂ ਖਾਸਤੌਰ 'ਤੇ ਤੁਹਾਡੀਆਂ ਵਿਅਕਤਕ ਜ਼ਰੂਰਤਾਂ ਅਤੇ ਇੱਛਾਵਾਂ ਦੇ ਮੁਤਾਬਕ ਤਿਆਰ ਕੀਤਾ ਗਿਆ ਸਹਾਇਤਾ ਕਾਰਜਕ੍ਰਮ ਲਾਗੂ ਕਰਾਂਗੇ।

ਪਰ ਸਾਡੀ ਸਹਾਇਤਾ ਇੱਥੇ ਸਮਾਪਤ ਨਹੀਂ ਹੁੰਦੀ। ਕੰਮ 'ਚ ਤੁਹਾਡੇ ਪਹਿਲੇ ਕੁਝ ਮਹੀਨਿਆਂ ਦੇ ਦੌਰਾਨ ਅਸੀਂ ਇਹ ਯਕੀਨੀ ਕਰਨ ਲਈ ਤੁਹਾਡੇ ਅਤੇ ਤੁਹਾਡੇ ਮਾਲਕ ਦੇ ਸੰਪਰਕ 'ਚ ਰਹਾਂਗੇ ਕਿ ਤੁਹਾਨੂੰ ਆਪਣੀ ਲੋੜੀਂਦੀ ਮਦਦ ਅਤੇ ਸਹਾਇਤਾ ਪ੍ਰਾਪਤ ਹੁੰਦੀ ਰਹੇ।

### ਕੀ ਤੁਸੀਂ ਸਹਾਇਤਾ ਲਈ ਯੋਗ ਹੋ?

ਸਟੈੱਪਸ ਟੂ ਵਰਕ ਦੇ ਕਾਰਜਕ੍ਰਮਾਂ ਲਈ ਯੋਗਤਾ ਬਾਰੇ ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਸਾਡਾ **ਯੋਗਤਾ ਕਥਨ** ਪੜ੍ਹੋ

ਜੇਕਰ ਕਥਨ ਪੜ੍ਹਨ ਤੋਂ ਬਾਅਦ ਤੁਸੀਂ ਹੁਣ ਵੀਯਕੀਨੀ ਨਹੀਂ ਹੋ ਤਾਂ ਆਪਣੀ ਸਥਾਨਕ **ਸਟੈੱਪਸ ਟੂ ਵਰਕ ਸ਼ਾਖਾ** ਨਾਲ ਸੰਪਰਕ ਕਰੋ ਅਤੇ ਉਹ ਤੁਹਾਨੂੰ ਸਲਾਹ ਦੇਣਗੇ।

### ਕਾਮਯਾਬੀ ਦੀਆਂ ਕਹਾਣੀਆਂ:

ਸਾਡੇ ਦੁਆਰਾ ਮਦਦ ਕੀਤੇ ਗਏ ਕੁਝ ਲੋਕਾਂ ਬਾਰੇ ਨਵੀਨਤਮ ਵਿਸ਼ਾ-ਅਧਿਐਨ ਪੜ੍ਹਨ ਲਈ **ਇੱਥੇ ਕਲਿੱਕ ਕਰੋ**।